# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ :18-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਝਾਰਖੰਡ ਸਰਕਾਰ ਨੇ ਰਾਜ ਵਿੱਚ ਵਿਦਿਆਰਥੀਆਂ ਦੇ 24 ਦਿਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ, JSSC-CGL ਅਤੇ ਨਿੱਜੀ ਏਜੰਸੀ TDPL ਵੱਲੋਂ ਕਰਵਾਈਆਂ ਗਈਆਂ ਹੋਰ ਸਾਰੀਆਂ ਭਰਤੀ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਨੇ।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਵੋਟਰ ਆਈ.ਡੀ ਸਿਸਟਮ ਦੀ ਸ਼ਲਾਘਾ ਕੀਤੀ ਏ ਅਤੇ ਇਸਨੂੰ ਅਮਰੀਕਾ ਦੇ ਚੋਣ ਨਿਯਮਾਂ ਲਈ ਆਦਰਸ਼ ਦੱਸਿਆ ਏ।

- ਭਾਰਤ ਅੱਜ ਨਵੀਂ ਦਿੱਲੀ ਵਿੱਚ, 12ਵੀਂ ਬ੍ਰਿਕਸ ਵਾਤਾਵਰਣ ਮੰਤਰੀਆਂ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- ਭਾਰਤੀ ਫੌਜ ਦੇ ਮੁਖੀ ਜਨਰਲ ਧੀਰਜ ਸੇਠ ਨੂੰ ਕਾਠਮੰਡੂ ਵਿੱਚ, ਨੇਪਾਲ ਦੇ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਨੇਪਾਲੀ ਫੌਜ ਦੇ ਆਨਰੇਰੀ ਜਨਰਲ ਦਾ ਦਰਜਾ ਪ੍ਰਦਾਨ ਕੀਤਾ।

- ਆਯੁਸ਼ ਸ਼ੈੱਟੀ ਨੇ ਨਵੀਂ ਦਿੱਲੀ ਵਿੱਚ BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਮਰਦਾਂ ਦੇ ਸਿੰਗਲਜ਼ ਦੇ ਪਹਿਲੇ ਗੇੜ ਵਿੱਚ, ਵਿਸ਼ਵ ਨੰਬਰ ਇੱਕ ਅਤੇ ਮੌਜੂਦਾ ਚੈਂਪੀਅਨ, ਚੀਨ ਦੇ ਸ਼ੀ ਯੂਚੀ ਨੂੰ ਹਰਾ ਦਿੱਤਾ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਝਾਰਖੰਡ ਸਰਕਾਰ ਨੇ ਰਾਜ ਵਿੱਚ ਵਿਦਿਆਰਥੀਆਂ ਦੇ 24 ਦਿਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ, JSSC-CGL ਪ੍ਰੀਖਿਆ ਰੱਦ ਕਰ ਦਿੱਤੀ ਏ। ਇਸ ਨੇ Private ਏਜੰਸੀ TDPL ਵੱਲੋਂ ਕਰਵਾਈਆਂ ਗਈਆਂ ਹੋਰ ਸਾਰੀਆਂ ਭਰਤੀ ਪ੍ਰੀਖਿਆਵਾਂ ਵੀ ਰੱਦ ਕਰ ਦਿੱਤੀਆਂ ਨੇ। ਇਸ ਐਲਾਨ

ਨਾਲ ਰਾਂਚੀ ਵਿੱਚ ਪ੍ਰਦਰਸ਼ਨ ਵਾਲੀ ਥਾਂ 'ਤੇ ਖੁਸ਼ੀ ਦੀ ਲਹਿਰ ਦੌੜ ਗਈ, ਹਾਲਾਂਕਿ CBI ਜਾਂਚ ਦੀ ਮੰਗ ਅਜੇ ਵੀ ਅਣਸੁਲਝੀ ਏ।

2014 ਤੋਂ JPSC ਅਤੇ JSSC ਵਲੋਂ ਕਰਵਾਈਆਂ ਗਈਆਂ ਭਰਤੀ ਪ੍ਰੀਖਿਆਵਾਂ ਦੀ ਜਾਂਚ ਕਰਨ ਦਾ ਵੀ ਐਲਾਨ ਕੀਤਾ ਗਿਆ। ਇਹ ਫੈਸਲਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਵਿਸ਼ੇਸ਼ ਮੀਟਿੰਗ ਵਿੱਚ ਲਿਆ ਗਿਆ। ਜੈਪਾਲ ਸਿੰਘ ਮੁੰਡਾ ਸਟੇਡੀਅਮ ਵਿੱਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਏ ਅਤੇ ਮਿਠਾਈਆਂ ਵੰਡ ਕੇ ਖੁਸ਼ੀ ਮਨਾਈ। ਸਰਕਾਰ ਨੇ 2014 ਤੋਂ JPSC ਅਤੇ JSSC ਵੱਲੋਂ ਕਰਵਾਈਆਂ ਗਈਆਂ ਭਰਤੀ ਪ੍ਰਕਿਰਿਆਵਾਂ ਦੀ ਜਾਂਚ ਕਰਨ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੀ ਸਿਫ਼ਾਰਸ਼ ਕਰਨ ਲਈ, IAS ਅਧਿਕਾਰੀ ਅਮਿਤਾਭ ਕੌਸ਼ਲ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਵੀ ਕੀਤਾ। ਇਸ ਦੌਰਾਨ, ਮੰਤਰੀ ਦੀਪਿਕਾ ਪਾਂਡੇ ਸਿੰਘ ਅਤੇ ਸਿਹਤ ਮੰਤਰੀ ਇਰਫਾਨ ਅੰਸਾਰੀ ਨੇ ਵਿਧਾਇਕ ਜੈਰਾਮ ਕੁਮਾਰ ਦੇ ਨਾਲ ਸਦਰ ਹਸਪਤਾਲ ਦਾ ਦੌਰਾ ਕੀਤਾ ਅਤੇ Devendra Nath Mahato ਤੇ ਹੋਰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਜੂਸ ਪਿਲਾ ਕੇ ਉਨ੍ਹਾਂ ਦੀ ਭੁੱਖ ਹੜਤਾਲ ਖਤਮ ਕਰਵਾਈ। Devendra Nath Mahato ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ, ਇਸ ਫੈਸਲੇ ਨਾਲ ਮੁੱਖ ਮੰਗਾਂ ਪੂਰੀਆਂ ਹੋ ਗਈਆਂ ਨੇ ਅਤੇ JPSC-JSSC ਨਿਆਂ ਮੰਚ ਨੇ ਐਲਾਨ ਕੀਤਾ ਕਿ, ਉਹ ਫਿਲਹਾਲ ਆਪਣਾ ਅੰਦੋਲਨ ਮੁਲਤਵੀ ਕਰ ਰਹੇ ਨੇ।

---------------------------------------------------

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਵੋਟਰ ਆਈ.ਡੀ ਸਿਸਟਮ ਦੀ ਸ਼ਲਾਘਾ ਕੀਤੀ ਏ ਅਤੇ ਇਸਨੂੰ ਅਮਰੀਕਾ ਦੇ ਚੋਣ ਨਿਯਮਾਂ ਲਈ ਇੱਕ ਆਦਰਸ਼ ਦੱਸਿਆ ਏ। ਉਨ੍ਹਾਂ ਨੇ ਭਾਰਤ ਦੀ ਚੋਣ ਪ੍ਰਣਾਲੀ ਨੂੰ ਚੋਣ ਸੁਰੱਖਿਆ ਦੀ ਇੱਕ ਮਿਸਾਲ ਕਰਾਰ ਦਿੱਤਾ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ੍ਰੀ ਟਰੰਪ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ, ਗਿਆਨੇਸ਼ ਕੁਮਾਰ ਨਾਲ ਹਾਲ ਹੀ ਵਿੱਚ ਹੋਈ ਗੱਲਬਾਤ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਗਿਆਨੇਸ਼ ਕੁਮਾਰ ਨੇ ਇਹ ਸਵਾਲ ਉਠਾਇਆ ਸੀ ਕਿ, ਲਾਜ਼ਮੀ ਫੋਟੋ ਆਈ.ਡੀ ਤੋਂ ਬਿਨਾਂ ਅਮਰੀਕਾ ਵਿੱਚ ਚੋਣਾਂ ਕਿਵੇਂ ਕਰਵਾਈਆਂ ਜਾ ਸਕਦੀਆਂ ਨੇ। ਇਸ ਟਿੱਪਣੀ ਦਾ ਹਵਾਲਾ ਦਿੰਦੇ ਹੋਏ, ਸ੍ਰੀ ਟਰੰਪ ਨੇ ਅਮਰੀਕੀ ਕਾਂਗਰਸ ਨੂੰ ਸੇਫਗਾਰਡ ਅਮਰੀਕੀ ਵੋਟਰ ਯੋਗਤਾ - SAVE ਅਮਰੀਕਾ ਐਕਟ ਪਾਸ ਕਰਨ ਦੀ ਅਪੀਲ ਕੀਤੀ।

ਇਹ ਤਜਵੀਜ਼ਸ਼ੁਦਾ ਬਿੱਲ, Federal ਚੋਣਾਂ ਵਿੱਚ ਵੋਟ ਪਾਉਣ ਲਈ, ਸਖ਼ਤ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਏ। ਚੋਣਾਂ ਲਈ ਰਜਿਸਟਰ ਕਰਦੇ ਸਮੇਂ ਵੋਟਰਾਂ ਨੂੰ ਅਮਰੀਕੀ ਨਾਗਰਿਕਤਾ ਦਾ ਦਸਤਾਵੇਜ਼ੀ ਸਬੂਤ ਅਤੇ ਸਰਕਾਰ ਰਾਹੀਂ ਜਾਰੀ ਇੱਕ ਵੈਧ ਫੋਟੋ ਆਈ.ਡੀ ਪ੍ਰਦਾਨ ਕਰਨ ਦੀ ਤਜਵੀਜ਼ ਏ।

--------------------------------------------------------

ਭਾਰਤ ਅੱਜ ਨਵੀਂ ਦਿੱਲੀ ਵਿੱਚ ਬ੍ਰਿਕਸ ਵਾਤਾਵਰਣ ਮੰਤਰੀਆਂ ਦੀ 12ਵੀਂ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲੇ ਨੇ ਕਿਹਾ ਕਿ, ਇਹ ਮੀਟਿੰਗ ਮਹੱਤਵਪੂਰਨ ਵਿਚਾਰ-ਵਟਾਂਦਰੇ, ਸਹਿਮਤੀ 'ਤੇ ਪਹੁੰਚਣ ਅਤੇ ਵਾਤਾਵਰਣ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਇੱਕ ਮੰਚ ਪ੍ਰਦਾਨ ਕਰੇਗੀ।

ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰੀ ਭੁਪੇਂਦਰ ਯਾਦਵ ਕਰਨਗੇ। ਬ੍ਰਿਕਸ ਵਾਤਾਵਰਣ ਕਾਰਜ ਸਮੂਹ ਦੀ ਸਥਾਪਨਾ 2015 ਵਿੱਚ, ਮਾਸਕੋ ਵਿਖੇ ਬ੍ਰਿਕਸ ਵਾਤਾਵਰਣ ਮੰਤਰੀਆਂ ਦੀ ਪਹਿਲੀ ਮੀਟਿੰਗ ਦੌਰਾਨ ਕੀਤੀ ਗਈ ਸੀ।

--------------------------------------------------------

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਅਨੁਸਾਰ, 14 ਅਗਸਤ ਤੱਕ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਹੇਠ ਰਕਬਾ, ਇੱਕ ਹਜ਼ਾਰ ਲੱਖ ਹੈਕਟੇਅਰ ਤੋਂ ਵੱਧ ਹੋ ਗਿਆ ਏ।

ਝੋਨੇ ਦੀ ਬਿਜਾਈ, 379 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਹੋਈ ਏ, 184 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਤੇਲੀ ਬੀਜ ਅਤੇ 172 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ, ਮੋਟੇ ਅਨਾਜਾਂ ਦੀ ਬਿਜਾਈ ਕੀਤੀ ਗਈ ਏ।

ਇਸ ਦੇ ਨਾਲ ਹੀ, ਕਪਾਹ ਹੇਠਲਾ ਰਕਬਾ, 107 ਲੱਖ ਹੈਕਟੇਅਰ ਤੋਂ ਵੱਧ ਅਤੇ ਦਾਲਾਂ ਹੇਠਲਾ ਰਕਬਾ, 108 ਲੱਖ ਹੈਕਟੇਅਰ ਤੋਂ ਵੱਧ ਏ। ਗੰਨੇ ਦੀ ਕਾਸ਼ਤ 58 ਲੱਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਕੀਤੀ ਗਈ ਏ।

----------------------------------------------------

ਨੇਪਾਲ ਦੇ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਕੱਲ੍ਹ ਕਾਠਮੰਡੂ ਦੇ ਸ਼ੀਤਲ ਨਿਵਾਸ ਵਿਖੇ ਇੱਕ ਸਨਮਾਨ ਸਮਾਰੋਹ ਵਿੱਚ, ਭਾਰਤੀ ਫੌਜ ਦੇ ਮੁਖੀ ਜਨਰਲ ਧੀਰਜ ਸੇਠ ਨੂੰ ਨੇਪਾਲੀ ਫੌਜ ਦੇ ਆਨਰੇਰੀ ਜਨਰਲ ਦਾ ਦਰਜਾ ਪ੍ਰਦਾਨ ਕੀਤਾ।

ਰਾਸ਼ਟਰਪਤੀ ਸਕੱਤਰੇਤ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਮਾਰੋਹ 'ਚ, ਨੇਪਾਲ ਦੇ ਉਪ ਰਾਸ਼ਟਰਪਤੀ ਰਾਮ ਸਹਾਏ ਪ੍ਰਸਾਦ ਯਾਦਵ, ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ, ਨੇਪਾਲ ਵਿੱਚ ਭਾਰਤੀ ਰਾਜਦੂਤ ਨਵੀਨ ਸ਼੍ਰੀਵਾਸਤਵ ਅਤੇ ਨੇਪਾਲੀ ਫੌਜ ਅਤੇ ਨੇਪਾਲੀ ਸਰਕਾਰ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

ਜਨਰਲ ਸੇਠ ਨੇਪਾਲੀ ਫੌਜ ਮੁਖੀ ਜਨਰਲ ਅਸ਼ੋਕ ਰਾਜ ਸਿਗਡੇਲ ਦੇ ਸੱਦੇ 'ਤੇ ਕੱਲ੍ਹ ਇੱਕ ਅਧਿਕਾਰਤ ਦੌਰੇ 'ਤੇ ਨੇਪਾਲ ਪਹੁੰਚੇ ਸਨ।

ਜਨਰਲ ਸੇਠ ਨੇ ਅੱਜ ਨੇਪਾਲੀ ਆਰਮੀ ਹੈੱਡਕੁਆਰਟਰ ਵਿਖੇ, ਜਨਰਲ ਸਿਗਡੇਲ ਨਾਲ ਮੁਲਾਕਾਤ ਕੀਤੀ।

---------------------------------------------------

ਪੰਜਾਬ ਵਿੱਚ, ਨੌਜਵਾਨ ਖਾਸ ਤੌਰ 'ਤੇ 18 ਤੋਂ 30 ਸਾਲ ਦੀ ਉਮਰ ਵਰਗ ਦੇ ਬਹੁਤ ਸਾਰੇ ਨੌਜਵਾਨ, ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਨੇ। ਇਸਦੇ ਇਲਾਜ ਬਾਰੇ ਜਾਗਰੂਕਤਾ ਦੀ ਘਾਟ ਅਤੇ ਇਲਾਜ ਦੇ ਖਰਚੇ ਨੂੰ ਲੈ ਕੇ ਚਿੰਤਾਵਾਂ, ਮਾਨਸਿਕ ਸਿਹਤ ਸਮੱਸਿਆਵਾਂ ਦੇ ਹੱਲ ਵਿੱਚ ਹੋਰ ਰੁਕਾਵਟਾਂ ਪੈਦਾ ਕਰ ਰਹੀਆਂ ਨੇ।

ਰਾਜ ਸਿਹਤ ਏਜੰਸੀ (SHA) ਦੇ ਅੰਕੜਿਆਂ ਅਨੁਸਾਰ, ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ ਵਿੱਚ ਨਿਊਰੋਟਿਕ ਅਤੇ ਤਣਾਅ-ਸਬੰਧੀ ਵਿਕਾਰ, ਮੂਡ ਤੇ ਭਾਵਨਾਤਮਕ ਵਿਕਾਰ ਅਤੇ ਵਿਵਹਾਰਕ ਲੱਛਣ ਸ਼ਾਮਲ ਨੇ, ਜੋ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੁੜੇ ਨੇ। **ਇੱਕ ਰਿਪੋਰਟ** :

*ਪੰਜਾਬ ਰਾਜ ਸਿਹਤ ਏਜੰਸੀ ਦੀਆਂ ਰਿਪੋਰਟਾਂ ਅਨੁਸਾਰ, 11 ਅਗਸਤ, 2026 ਤੱਕ, ਬੀਤੇ ਸੱਤ ਮਹੀਨਿਆਂ ਦੌਰਾਨ 18 ਤੋਂ 45 ਸਾਲ ਦੀ ਉਮਰ ਦੇ 709 ਵਿਅਕਤੀਆਂ ਵਿੱਚ ਮਾਨਸਿਕ ਸਿਹਤ ਦੇ ਅਜਿਹੇ ਲੱਛਣ ਪਾਏ ਗਏ ਹਨ। ਇਹ ਉਮਰ ਸਮੂਹ ਮਾਨਸਿਕ-ਸਿਹਤ ਦੇ ਦ੍ਰਿਸ਼ਟੀਕੋਣ ਤੋਂ ਖਾਸ ਤੌਰ 'ਤੇ ਮਹੱਤਵਪੂਰਨ ਏ ਕਿਉਂਕਿ ਇਹ ਉਹ ਪੜਾਅ ਹੁੰਦਾ ਹੈ ਜਦੋਂ ਲੋਕ ਨੌਕਰੀ ਦੀ ਭਾਲ ਕਰ ਰਹੇ ਹੁੰਦੇ ਨੇ ਜਾ ਪਰਿਵਾਰ ਪਾਲ ਰਹੇ ਹੁੰਦੇ ਨੇ ਅਤੇ ਮਹੱਤਵਪੂਰਨ ਵਿੱਤੀ ਜ਼ਿੰਮੇਵਾਰੀਆਂ ਵੀ ਸੰਭਾਲ ਰਹੇ ਹੁੰਦੇ ਹਨ।*

*ਹਾਲਾਂਕਿ, ਰਾਜ ਸਰਕਾਰ ਦੁਆਰਾ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਨੇ ਹਨ ਸਾਰਿਆਂ ਨੂੰ ਮੁਫਤ ਇਲਾਜ ਪ੍ਰਦਾਨ ਕੀਤਾ ਹੈ।*

*ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਾਨਸਿਕ ਸਿਹਤ ਸੰਭਾਲ ਇੱਕ ਮਹਿੰਗਾ ਇਲਾਜ ਨਹੀਂ ਬਣਨਾ ਚਾਹੀਦਾ। ਜੇਕਰ ਕਿਸੇ ਨੂੰ ਪੇਸ਼ੇਵਰ ਮਦਦ ਦੀ ਲੋੜ ਹੈ, ਤਾਂ ਉਸ ਵਿਅਕਤੀ ਨੂੰ ਸਹੀ ਸਮੇਂ 'ਤੇ ਸਹੀ ਦੇਖਭਾਲ ਪ੍ਰਾਪਤ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਰਾਜ ਸਰਕਾਰ ਵੀ ਇਸ ਸੰਬੰਧਤ ਇਲਾਜ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। <><>*

*-ਰਾਜੇਸ਼ ਬਾਲੀ -ਆਕਾਸ਼ਵਾਣੀ ਖਬਰਾਂ -ਜਲੰਧਰ*

---------------------------------------------------

ਸੁਪਰੀਮ ਕੋਰਟ ਨੇ ਫਰਜ਼ੀ ਜ਼ਮਾਨਤਕਾਰਾਂ ਬਾਰੇ ਚਿੰਤਾਵਾਂ ਦਰਮਿਆਨ, ਨਸ਼ੀਲੇ ਪਦਾਰਥਾਂ ਸੰਬੰਧੀ ਐਕਟ ਨਾਲ ਸਬੰਧਤ ਮਾਮਲਿਆਂ ਵਿੱਚ, ਵਿਦੇਸ਼ੀ ਨਾਗਰਿਕਾਂ ਲਈ ਜ਼ਮਾਨਤ ਦੀਆਂ ਸ਼ਰਤਾਂ ਸਖ਼ਤ ਕਰਨ ਦੇ ਹੁਕਮ ਦਿੱਤੇ ਨੇ। ਇਸ ਸਬੰਧ ਵਿੱਚ ਕਈ ਨਿਰਦੇਸ਼ ਜਾਰੀ ਕਰਦਿਆਂ, ਜਸਟਿਸ ਸੰਜੇ ਕਰੋਲ ਅਤੇ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ ਕਿ ਜ਼ਮਾਨਤ 'ਤੇ ਰਿਹਾਅ ਹੋਏ ਵਿਦੇਸ਼ੀ ਨਾਗਰਿਕਾਂ ਨੂੰ, ਆਪਣੇ ਪਾਸਪੋਰਟ ਸਬੰਧਤ ਅਦਾਲਤਾਂ ਨੂੰ ਸੌਂਪਣੇ ਹੋਣਗੇ ਅਤੇ ਬਿਨਾਂ ਕਿਸੇ ਅਗਾਉ ਇਜਾਜ਼ਤ ਦੇ ਭਾਰਤ ਤੋਂ ਬਾਹਰ ਯਾਤਰਾ ਨਹੀਂ ਕਰ ਸਕਣਗੇ। ਅਦਾਲਤ ਨੇ ਇਹ ਵੀ ਕਿਹਾ ਕਿ ਅਜਿਹੇ ਦੋਸ਼ੀਆਂ ਨੂੰ, ਆਪਣੀ ਰਿਹਾਈ ਦੇ ਇੱਕ ਹਫ਼ਤੇ ਦੇ ਅੰਦਰ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫਤਰ ਵਿੱਚ ਰਜਿਸਟ੍ਰੇਸ਼ਨ ਕਰਾਉਣੀ ਹੋਵੇਗੀ। ਅਦਾਲਤ ਨੇ ਕਿਹਾ ਕਿ ਭਾਵੇਂ ਜਾਂਚ ਦੌਰਾਨ, ਮੁਲਜ਼ਮਾਂ ਦੇ

ਰਿਹਾਇਸ਼ੀ ਪਤੇ ਅਤੇ ਹੋਰ ਸੰਪਰਕ ਜਾਣਕਾਰੀ ਦੀ ਭਾਰਤ ਵਿੱਚ ਪ੍ਰਸ਼ਟੀ ਕੀਤੀ ਜਾਂਦੀ ਏ, ਪਰ ਜ਼ਮਾਨਤ ਦੇ ਹੁਕਮ ਜਾਰੀ ਹੋਣ ਦੇ ਤਿੰਨ ਦਿਨਾਂ ਦੇ ਅੰਦਰ, ਸਰੀਰਕ ਤਸਦੀਕ ਦੀ ਦੁਬਾਰਾ ਪ੍ਰਸ਼ਟੀ ਕੀਤੀ ਜਾਣੀ ਚਾਹੀਦੀ ਏ।

---------------------------------------------------------

ਨਵੀਂ ਦਿੱਲੀ ਵਿੱਚ BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਮਰਦਾਂ ਦੇ ਸਿੰਗਲਜ਼ ਦੇ ਪਹਿਲੇ ਗੇੜ ਵਿੱਚ, ਭਾਰਤ ਦੇ 21 ਸਾਲਾ ਆਯੁਸ਼ ਸ਼ੈੱਟੀ ਨੇ ਮੌਜੂਦਾ ਚੈਂਪੀਅਨ ਤੇ ਦੁਨੀਆ ਦੇ ਨੰਬਰ ਇੱਕ ਖਿਡਾਰੀ, ਚੀਨ ਦੇ ਸ਼ੀ ਯੂਚੀ ਨੂੰ 21-14, 13-21, 21-19 ਨਾਲ ਹਰਾ ਦਿੱਤਾ ਏ।

ਪੀ.ਵੀ. ਸਿੰਧੂ ਅਤੇ ਮਹਿਲਾ ਡਬਲਜ਼ ਜੋੜੀ ਟ੍ਰੀਸਾ ਜੌਲੀ ਤੇ ਗਾਇਤਰੀ ਗੋਪੀਚੰਦ ਵੀ ਦੂਜੇ ਗੇੜ ਵਿੱਚ ਪਹੁੰਚ ਗਈਆਂ ਨੇ।

---------------------------------------------------------

ਭਾਰਤ ਨੂੰ ਕੱਲ੍ਹ ਨੀਦਰਲੈਂਡ ਦੇ Amstelveen ਵਿੱਚ ਖੇਡੇ ਜਾ ਰਹੇ ਮਰਦਾਂ ਦੇ ਹਾਕੀ ਵਿਸ਼ਵ ਕੱਪ ਦੇ ਆਪਣੇ ਦੂਜੇ ਮੈਚ ਵਿੱਚ ਇੰਗਲੈਂਡ ਤੋਂ 2-4 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ. ਅੱਧੇ ਸਮੇਂ ਤੱਕ ਭਾਰਤ ਨੇ 2-1 ਦੀ ਲੀਡ ਬਣਾ ਲਈ ਸੀ। ਭਾਰਤ ਲਈ ਹਰਮਨਪ੍ਰੀਤ ਸਿੰਘ ਅਤੇ ਦਿਲਪ੍ਰੀਤ ਸਿੰਘ ਨੇ ਗੋਲ ਕੀਤੇ।

ਪਰ ਇੰਗਲੈਂਡ ਨੇ ਦੂਜੇ ਹਾਫ ਵਿੱਚ ਜ਼ੋਰਦਾਰ ਵਾਪਸੀ ਕਰਦਿਆਂ, 4-2 ਨਾਲ ਜਿੱਤ ਹਾਸਿਲ ਕੀਤੀ।

---------------------------------------------------------

ਮਹਿਲਾ ਹਾਕੀ ਵਿਸ਼ਵ ਕੱਪ ਵਿੱਚ, ਅੱਜ ਭਾਰਤੀ ਟੀਮ ਪੂਲ-ਡੀ ਦੇ ਆਪਣੇ ਦੂਜੇ ਮੈਚ ਵਿੱਚ, ਦੱਖਣੀ ਅਫਰੀਕਾ ਖਿਲਾਫ ਖੇਡੇਗੀ। ਇਹ ਮੈਚ ਨੀਦਰਲੈਂਡ ਦੇ Amstelveen ਵਿੱਚ ਖੇਡਿਆ ਜਾਵੇਗਾ।

ਭਾਰਤ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ, ਓਲੰਪਿਕ ਚਾਂਦੀ ਦਾ ਤਮਗਾ ਜੇਤੂ ਚੀਨ ਵਿਰੁੱਧ 2-2 ਦੇ ਡਰਾਅ ਨਾਲ ਕੀਤੀ।

---------------------------------------------------------

ਮੌਸਮ ਵਿਭਾਗ ਨੇ ਵੀਰਵਾਰ ਤੱਕ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਸਮੇਤ ਉਤਰੀ ਤੇ ਉੱਤਰ ਪੂਰਬੀ ਭਾਰਤ ਵਿੱਚ  ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਏ।

ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਕੱਲ੍ਹ ਤੋਂ ਬਹੁਤ ਭਾਰੀ ਬਾਰਿਸ਼ ਹੋ ਰਹੀ ਏ। ਬਾਰਿਸ਼ ਨੇ ਕਈ ਇਲਾਕਿਆਂ ਵਿੱਚ ਆਮ ਜਨਜੀਵਨ ਪ੍ਰਭਾਵਿਤ ਕੀਤਾ ਏ।

---

ਦੱਖਣੀ ਸੁਡਾਨ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ ਅਧੀਨ ਤਾਇਨਾਤ 200 ਤੋਂ ਵੱਧ ਭਾਰਤੀ ਸ਼ਾਂਤੀ ਰੱਖਿਅਕਾਂ ਨੂੰ, ਵਿਲੱਖਣ ਸੇਵਾ ਲਈ ਵੱਕਾਰੀ ਸੰਯੁਕਤ ਰਾਸ਼ਟਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਏ।

---

- ਝਾਰਖੰਡ ਸਰਕਾਰ ਨੇ ਰਾਜ ਵਿੱਚ ਵਿਦਿਆਰਥੀਆਂ ਦੇ 24 ਦਿਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ, JSSC-CGL ਅਤੇ ਨਿੱਜੀ ਏਜੰਸੀ TDPL ਵੱਲੋਂ ਕਰਵਾਈਆਂ ਗਈਆਂ ਹੋਰ ਸਾਰੀਆਂ ਭਰਤੀ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਨੇ।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਵੋਟਰ ਆਈ.ਡੀ ਸਿਸਟਮ ਦੀ ਸ਼ਲਾਘਾ ਕੀਤੀ ਏ ਅਤੇ ਇਸਨੂੰ ਅਮਰੀਕਾ ਦੇ ਚੋਣ ਨਿਯਮਾਂ ਲਈ ਆਦਰਸ਼ ਦੱਸਿਆ ਏ।

- ਭਾਰਤ ਅੱਜ ਨਵੀਂ ਦਿੱਲੀ ਵਿੱਚ, 12ਵੀਂ ਬ੍ਰਿਕਸ ਵਾਤਾਵਰਣ ਮੰਤਰੀਆਂ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- ਭਾਰਤੀ ਫੌਜ ਦੇ ਮੁਖੀ ਜਨਰਲ ਧੀਰਜ ਸੇਠ ਨੂੰ ਕਾਠਮੰਡੂ ਵਿੱਚ, ਨੇਪਾਲ ਦੇ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਨੇਪਾਲੀ ਫੌਜ ਦੇ ਆਨਰੇਰੀ ਜਨਰਲ ਦਾ ਦਰਜਾ ਪ੍ਰਦਾਨ ਕੀਤਾ।

- ਆਯੁਸ਼ ਸ਼ੈੱਟੀ ਨੇ ਨਵੀਂ ਦਿੱਲੀ ਵਿੱਚ BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਮਰਦਾਂ ਦੇ ਸਿੰਗਲਜ਼ ਦੇ ਪਹਿਲੇ ਗੇੜ ਵਿੱਚ, ਵਿਸ਼ਵ ਨੰਬਰ ਇੱਕ ਅਤੇ ਮੌਜੂਦਾ ਚੈਂਪੀਅਨ, ਚੀਨ ਦੇ ਸ਼ੀ ਯੂਚੀ ਨੂੰ ਹਰਾ ਦਿੱਤਾ ਏ।

------------------------------------------------------------

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**